# ਪੰਜਾਬ ਸਕੂਲ ਸਿੱਖਿਆ ਬੋਰਡ
**ਸਾਹਿਬਜ਼ਾਦਾ ਅਜੀਤ ਸਿੰਘ ਨਗਰ -160062**
**(ਕਾਰਜ ਸੰਚਾਲਨ ਸ਼ਾਖਾ)**

ਨੰ:ਪਸਸਬ-ਕਸ-2025/ 2336
ਮਿਤੀ: 17/02/2025

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ)
2. ਸਮੂਹ ਕੇਂਦਰ ਕੰਟਰੋਲਰਜ਼
   ਫਰਵਰੀ / ਮਾਰਚ ਪਰੀਖਿਆਵਾਂ-2025

ਵਿਸ਼ਾ:- ਨਿਗਰਾਨ ਅਮਲੇ ਦੀਆਂ ਡਿਊਟੀਆਂ ਸਬੰਧੀ।

ਉਕਤ ਵਿਸ਼ੇ ਸਬੰਧੀ ਧਿਆਨ ਵਿੱਚ ਆਇਆ ਹੈ ਕਿ ਕੁੱਝ ਕੇਂਦਰ ਕੰਟਰੋਲਰਜ਼ ਕੋਲ **ਆਪਣੇ ਪਰੀਖਿਆ ਕੇਂਦਰ ਲਈ ਲੋੜੀਂਦਾ ਸਟਾਫ਼ ਹੋਣ ਦੇ ਬਾਵਜੂਦ ਵੀ** ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਨਾਲ ਸੰਪਰਕ ਕਰਕੇ ਸਟਾਫ਼ ਦੀ ਘਾਟ ਦੱਸਦੇ ਹੋਏ, ਨਿਗਰਾਨ ਅਮਲੇ ਦੀ ਮੰਗ ਕੀਤੀ ਜਾ ਰਹੀ ਹੈ। ਜਿਸਦਾ ਬੋਰਡ ਦਫ਼ਤਰ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ।

**ਇਹ ਵੀ ਧਿਆਨ ਵਿੱਚ ਆਇਆ ਹੈ ਕਿ ਜ਼ਿਲ੍ਹਾ ਸਿੱਖਿਆ ਦਫਤਰਾਂ ਵੱਲੋਂ ਸਟਾਫ ਦੀ ਘਾਟ ਸਬੰਧੀ ਬਿਨਾਂ ਪੜਤਾਲ ਕੀਤਿਆਂ ਹੀ ਕੁੱਝ ਪਰੀਖਿਆ ਕੇਂਦਰਾਂ ਵਿੱਚ ਨਿਗਰਾਨ ਅਮਲੇ ਦੀ ਡਿਊਟੀ ਲਗਾਈ ਜਾ ਰਹੀ ਹੈ / ਲਗਾਈ ਜਾ ਚੁੱਕੀ ਹੈ।**

ਉਕਤ ਸਬੰਧੀ ਸਮੂਹ ਕੇਂਦਰ ਕੰਟਰੋਲਰਜ਼ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਜਿਹੀਆਂ ਗਤੀਵਿਧੀਆਂ ਨੂੰ ਤੁਰੰਤ ਰੋਕਦੇ ਹੋਏ ਆਪਣੇ ਸਕੂਲ ਦੇ ਸਟਾਫ਼ ਦੀਆਂ ਡਿਊਟੀਆਂ ਹੀ ਬਤੌਰ ਨਿਗਰਾਨ ਲਗਾਈਆਂ ਜਾਣ ਅਤੇ **ਅਸਲ ਵਿੱਚ ਸਟਾਫ਼ ਦੀ ਘਾਟ ਹੋਣ ਦੀ ਸੂਰਤ ਵਿੱਚ** ਹੀ ਜ਼ਿਲ੍ਹਾ ਸਿੱਖਿਆ ਅਫਸਰ ਸਾਹਿਬਾਨ ਤੋਂ ਸਟਾਫ ਦੀ ਮੰਗ ਕੀਤੀ ਜਾਵੇ, ਜੇਕਰ **ਕਿਸੇ ਸਕੂਲ ਵਿੱਚ ਲੋੜੀਂਦਾ ਸਟਾਫ ਹੋਣ ਦੇ ਬਾਵਜੂਦ ਵੀ ਬਾਹਰੋਂ ਨਿਗਰਾਨ ਅਮਲੇ ਦੀ ਮੰਗ ਕੀਤੀ ਜਾਂਦੀ ਹੈ ਤਾਂ ਸਬੰਧਤ ਕੇਂਦਰ ਕੰਟਰੋਲਰ / ਸਕੂਲ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।**

ਇਸਦੇ ਨਾਲ ਹੀ ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ **ਬਿਨਾਂ ਵੈਰੀਫਾਈ ਕੀਤੇ ਨਿਗਰਾਨ ਅਮਲੇ ਦੀ ਡਿਊਟੀ ਲਗਾਉਣ ਤੋਂ ਗੁਰੇਜ਼ ਕਰਨ** ਦੀ ਹਦਾਇਤ ਕਰਦੇ ਹੋਏ ਲਿਖਿਆ ਜਾਂਦਾ ਹੈ ਕਿ ਆਪਣੇ ਜ਼ਿਲ੍ਹੇ ਵਿੱਚ ਕੇਂਦਰ ਵਾਈਜ਼ ਲਗਾਈਆਂ ਗਈਆਂ ਨਿਗਰਾਨ ਅਮਲੇ ਦੀਆਂ ਡਿਊਟੀਆਂ ਦੀ ਸੂਚੀ deoportal2019@gmail.com 'ਤੇ ਭੇਜਣਾ ਯਕੀਨੀ ਬਣਾਉਣ।

ਮਿਤੀ:17/02/2025

ਕੰਟਰੋਲਰ ਪਰੀਖਿਆਵਾਂ
ਪੰਜਾਬ ਸਕੂਲ ਸਿੱਖਿਆ ਬੋਰਡ

ਨੰ: ਪਸਸਬ-ਕਸ-2025/ 2337
ਮਿਤੀ: 17/02/2025

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ / ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਪੀ ਏ ਟੂ ਚੇਅਰਮੈਨ ਪਸਸਬ ਕਮ ਸਕੱਤਰ ਸਕੂਲ ਸਿੱਖਿਆ ਵਿਭਾਗ, ਪੰਜਾਬ।
2. ਡਾਇਰੈਕਟਰ ਸਕੂਲ ਸਿੱਖਿਆ ਪੰਜਾਬ।

ਸਹਾਇਕ ਸਕੱਤਰ (ਸ.ਕ)
ਪੰਜਾਬ ਸਕੂਲ ਸਿੱਖਿਆ ਬੋਰਡ